Digitized by Panjab Digital Library | www.panjabdigilib.org

Digitized by Panjab Digital Library | www.panjabdigilib.org

باراں ماہ ہدایت اللہ

ਛਾਪਾ ਟੈਪ

# ਬਾਰਾਂਮਾਹ
# ਹਿਦਾਇਤੁੱਲਾ

ਜਿਸਕੋ

ਹਾਜੀ ਚਰਾਗ਼ਦੀਨ ਸਰਾਜਦੀਨ

ਤਾਜਰਾਨਿ ਕੁਤਬ ਲਾਹੌਰ

ਬਾਜ਼ਾਰ ਕਸ਼ਮੀਰੀ

ਨੇ

ਮੁਨਸ਼ੀ ਲਾਲਦੀਨ

ਮਾਲਿਕ ਮਤਬਾ ਦੇ

ਐਲਬੀਯਨ ਪ੍ਰੈਸ ਲਾਹੌਰ [illegible]ਵਾਜ਼ਹ
ਮਸਤੀ ਵਿਖੇ ਛਪਵਾਯਾ ੧੯੦੫

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

## ਅਬ ਬਾਰਹ ਮਾਂਹ ਹਿਦਾਇਤੁੱਲਾ

ਰੜਦੇ ਚੇਤ ਨਹੀਂ ਘਰ ਜਾਨੀ ਰੋਰੋ ਆਹੀਂ
ਮਾਰਾਂ ਮੈਂ ॥ ਫਲਿਆ ਬਾਗ ਪਕੇ ਸਬ ਮੇਵੇ
ਕਿਸਦੀ ਨਜ਼ਰ ਗੁਜ਼ਾਰਾਂ ਮੈਂ ॥ ਝੁਕ ਰਹੇ
ਡਾਲ ਨਹੀਂ ਵਿੱਚ ਮਾਲੀ ਬੁਲ ਬੁਲ ਵਾਂਗ
ਪੁਕਾਰਾਂ ਮੈਂ ॥ ਜੇਘਰਯਾਰ ਹਿਦਾਇਤ ਆਵੇ
ਅੰਬ ਅਨਾਰ ਉਤਾਰਾਂ ਮੈਂ ॥ ੧ ॥
ਰੜੇ ਵਿਸਾਖ ਵਿਸਾਖੀ ਹੋਈ ਘਰੀਂ ਸੁਦਾਗ੍ਰ
ਆਏ ਨੀ ॥ ਨਾਹੀਂ ਖਬਰ ਅਸਾਡੇ ਜਾਨੀ

Digitized by Panjab Digital Library | www.panjabdigilib.org

ਕਿਉਂ ਇਤਨੇ ਦਿਨ ਲਾਏ ਨੀ ॥ ਖੁਲੇਕੇਸ ਗਲੇ ਵਿੱਚ ਮੇਰੇ ਸਈਆਂ ਸੀਸ ਗੁੰਦਾਏ ਨੀ ॥ ਕੌਣ ਹਿਦਾਇਤ ਖਬਰ ਲਿਆਵੇ ਕੇਹੜਾ ਕਾਸਦ ਜਾਏ ਨੀ ॥ ੨ ॥

ਚੜਦੇ ਜੇਠ ਵਗਨ ਹੁਨ ਲੋਆਂ ਰੁਤ ਗਰਮੀ ਦੀ ਆਈ ਹੈ ॥ ਜ਼ਾਲਮ ਬਿਰਹੋਂ ਫੂਕ ਅਲੰਬਾ ਆਤਸ਼ ਤੇਜ਼ ਮਚਾਈ ਹੈ ॥ ਇਸ ਵਿਛੋੜੇ ਵਾਂਗ ਸ਼ਮਾਂ ਦੇ ਮੇਰੀ ਜਾਨ ਜਲਾਈ ਹੈ ॥ ਅਜੇ ਹਿਦਾਇਤ ਧਾਰ ਨ ਆਯਾ ਜਾਨ ਲਬਾਂ ਪਰ ਆਈ ਹੈ ॥ ੩ ॥

ਚੜਿਆ ਹਾੜ ਘਤਾਂ ਮੈਂ ਹਾੜੇ ਪੀਆ ਬਾਝ ਇਕੱਲੀ ਜੇ ॥ ਮੁਦਤ ਗੁਜ਼ਰੀ ਪੰਧ ਉਡੀਕ ਸੋਹਣੇ ਖਬਰ ਨ ਘੱਲੀ ਜੇ ॥ ਵਾਂਗ ਜ਼ੁਲੈਖਾ

Digitized by Panjab Digital Library | www.panjabdigilib.org

ਯੂਸਫ਼ ਪਿਛੇ ਮੈਂ ਭੀ ਹੋਈ ਝੱਲੀ ਜੇ॥ ਲੱਗੇ
ਇਸ਼ਕ ਹਿਦਾਇਤ ਉਸਨੂੰ ਕਿਸਮਤ ਜਿਦੀ
ਅਵੱਲੀ ਜੇ॥ ੪॥

ਰੜੂਦੇ ਸਾਵਨ ਮੀਂਹ ਬਰਸਾਵਨ ਸਈਆਂ
ਪੀਂਘਾਂ ਪਾਈਆਂ ਨੀ॥ ਕਾਲੀ ਘਟਾ ਸਿਰੇ ਪਰ
ਮੇਰੇ ਜ਼ਾਲਮ ਇਸ਼ਕ ਝੜਾਈਆਂ ਨੀ॥
ਬਿਜਲੀ ਰਮਕੇ ਬਿਰਹੋਂ ਵਾਲੀ ਨੈਨਾਂ ਝੜੀ
ਆਂ ਲਾਈਆਂ ਨੀ॥ ਸੌਖਾ ਇਸ਼ਕ ਹਿਦਾਇਤ
ਦਿਸੇ ਇਸਾਂ ਵਿਚ ਸਖ਼ਤ ਬਲਾਈਆਂ ਨੀ॥ ੫॥

ਭਾਦ੍ਰੋਂ ਭਾਇ! ਇਸ਼ਕ ਨੇ ਫੂਕੀ ਖ਼ੂਨ ਬਦਨ
ਦਾ ਸੜਿਆ ਜੇ॥ ਦਸ ਪੀਆ ਦੀ ਪੈਂਦੀ
ਨਾਹੀਂ ਛਿਵਾਂ ਮਹੀਨਾ ਚੜ੍ਹਿਆ ਜੇ॥ ਮੈਂ ਬੇ
ਕਿਸਮਤ ਰੋਂਦੀ ਫਿਰਦੀ ਨਾਗ ਇਸ਼ਕ ਦਾ

Digitized by Panjab Digital Library | www.panjabdigilib.org

ਲੜਿਆ ਜੇ ॥ ਕੇਹੜੇ ਦੇਸ ਹਿਦਾਯਤ ਜਾਨੀ
ਕਿਸਮਤ ਮੇਰੀ ਖੜਿਆ ਜੇ ॥ ੬ ॥
ਅੱਸੂ ਆਨ ਸਤਾਂਦਾ ਮੈਨੂੰ ਤਰਫ ਜੰਗਲ
ਉਠ ਵੈਨੀ ਹਾਂ ॥ ਕਰਕੇ ਯਾਦ ਪੀਆ ਨੂੰ ਰੋਵਾਂ
ਅਕਲੀ ਹੋ ਹੋ ਬਹਿਨੀ ਹਾਂ ॥ ਜ਼ਾਲਮ ਬਿਰਹੋਂ
ਪੈਣ ਨ ਦੇਂਦਾ ਜੇ ਮੈਂ ਲੰਮੀ ਪੈਨੀ ਹਾਂ ॥
ਜਾਨੀ ਬਾਝ ਹਿਦਾਇਤ ਤੇਰੇ ਤਾਰੇ ਗਿਣਦੀ
ਰਹਿਨੀ ਹਾਂ ॥ ੭ ॥
ਚੜਿਆ ਕੱਤਕ ਕੰਤ ਨਾ ਆਇਆ ਮੈਂ ਹੁਣ
ਭਾਲਣ ਜਾਵਾਂਗੀ ॥ ਦੇਸ ਬਦੇਸ ਫਿਰਾਂਗੀ
ਭੌਂਦੀ ਜੋਗੀ ਭੇਸ ਬਨਾਵਾਂਗੀ ॥ ਗੇਰੀ ਨਾਲ
ਰੰਗਾਂਗੀ ਕਪੜੇ ਕੰਨ ਵਿਚ ਮੁੰਦ੍ਰਾਂ ਪਾਵਾਂਗੀ
॥ ਸੱਸੀ ਵਾਂਗ ਹਿਦਾਯਤ ਮੈਂ ਭੀ ਥਲ ਵਿਚ

Digitized by Panjab Digital Library | www.panjabdigilib.org

ਜਾਨ ਗਵਾਵਾਂਗੀ ॥ ੮ ॥

ਮੱਘਰ ਮਾਰ ਮੁਕਾਇਆ ਮੈਨੂੰ ਹਡ ਵਛੋੜੇ ਗਾਲੇ ਨੀ॥ ਸਾਡੀਵੱਲੋਂ ਕਿਉਂ ਚਿਤਰਾਯਾ ਉਸ ਪੀਆ ਮਤਵਾਲੇ ਨੀ ॥ ਅੱਗੇ ਰਾਤ ਕਹਿਰ ਦੀ ਲੰਮੀ ਉੱਤੋਂ ਪੈਗਏ ਪਾਲੇ ਨੀ ॥ ਜਾਨੀ ਕੋਲ ਹਿਦਾਯਤ ਨਾਹੀਂ ਲਾਵਾਂ ਅੱਗ ਸਿਆਲੇ ਨੀ ॥ ੯ ॥

ਚੜਿਆ ਪੋਹ ਪਈਆਂ ਹੁਣ ਬਰਫ਼ਾਂ ਕੋਈ ਖ਼ਬਰ ਨਵਾਲੀ ਨੂੰ॥ ਮੁੜਕੇ ਖ਼ਬਰ ਨ ਪੁਛੀ ਉਸਨੇ ਛਡਗਿਆ ਬੇ ਹਾਲੀ ਨੂੰ ॥ ਭਾਂਬੜ ਬਲਨ ਜਦੋਂ ਮੈਂ ਵੇਖਾਂ ਉਸਦੀ ਪਲੰਘ ਨਿਹਾਲੀ॥ ਲਾ ਹਾਲ ਧਾਰ ਹਿਦਾਯਤ ਰੋਵਾਂ ਲੇਫ਼ ਸਿਰਾਣੇਂ ਖ਼ਾਲੀ ਨੂੰ ॥ ੧੦ ॥

Digitized by Panjab Digital Library | www.panjabdigilib.org

ਮਾਘ ਮਹੀਨਾ ਮਾਹੀ ਬਾਝੋਂ ਜੋਕੁਛ ਮੈਂ ਸੰਗ
ਬੀਤੀ ਜੇ ॥ ਸ਼ਾਲਾ ਦੁਸ਼ਮਨ ਨਾਲ ਨ ਹੋਵੇ
ਜੇਹੀ ਵਿਛੋੜੇ ਕੀਤੀ ਜੇ ॥ ਕੋਹਲੂ ਵਾਂਗਰ
ਜਾਨ ਤਤੀ ਦੀ ਪੀੜ ਇਸ਼ਕ ਨੇਲੀਤੀਜੇ ॥
ਜਾਣੇ ਓਹ ਇਹ ਗਲ ਹਿਦਾਯਤ ਜ਼ਹਿਰ
ਇਸ਼ਕ ਜਿਨ ਪੀਤੀ ਜੇ ॥ ੧੧ ॥
ਚੜ੍ਹਿਆ ਫੱਗਨ ਕੰਧੀਲਿੱਗਣਉਮਰਰਹੀ
ਦਿਨਥੋੜੇਨੀ ॥ ਨਾਲ ਪੀ
ਏਹਮੇਰਾ ਦਿਲਲੋੜੇਨੀ ॥
ਮੈਂ ਦਰਦੀ ਜਾ ਉਸਨੂੰ ਹ
ਸੁਹਾਗਣ ਬਣਾਂ ਹਿਦਾ
ਮੋੜੇ ਨੀ ॥ ੧੨ ॥ ੧ ॥

---

Digitized by Panjab Digital Library | www.panjabdigilib.org

( ੧੦ )

## ॥ ਮਹੀਨਾ ਲੌਂਦ ॥

ਪੀਆ ਗਿੜ ਪੀਆ ਘਰ ਆਵੇ ਹਾਰ ਸੰਗਾਰ ਬਨਾਵਾਂ ਮੈਂ ॥ ਕਰਾਂ ਤਿਆਰੀ ਸੇਜ ਚੜ੍ਹਨ ਦੀ ਰੋ ਰੋ ਹਾਲ ਗਵਾਵਾਂ ਮੈਂ ॥ ਸੱਜਣ ਆਏ ਵੜੇ ਵਿਚ ਵੇਹੜੇ ਰੱਤਾ ਪਲੰਘ ਵਛਾਵਾਂ ਮੈਂ ॥ ਜਾਗੇ ਬਖ਼ਤ ਹਿਦਾਯਤ ਮੇਰੇ ਢੋਲੇ ਨੂੰ ਗਲ ਲਾਵਾਂ ਮੈਂ ॥੧੩॥

ਸੰਪੂਰਨੰ

ਨਕ ਸ਼ਾਹੀ ੪੨੬

R-4556

Digitized by Panjab Digital Library | www.panjabdigilib.org